ਅਰਮਾਨ (ARMAAN)
Vol. 3 | Issue 2 | Apr-Jun 2025
ISSN: 2583-9446 (Online)
Paper Published Id: ARMN030208
Available online at: www.armaan.org.in
DOI: https://doi.org/10.64119/armaan.vol.3.issue2.08

# BHAI JAITA JIWAN ATE SHADAT ('PANJWAN SAHIBJADA' NAVAL DE SANDARBH VICH)

# ਭਾਈ ਜੈਤਾ: ਜੀਵਨ ਅਤੇ ਸ਼ਹਾਦਤ ('ਪੰਜਵਾਂ ਸਾਹਿਬਜ਼ਾਦਾ' ਨਾਵਲ ਦੇ ਸੰਦਰਭ ਵਿਚ)

**ਬੇਅੰਤ ਸਿੰਘ ਸਰਾਂ** (Beant Singh Sran)

**ਸਹਾਇਕ ਪ੍ਰੋਫ਼ੈਸਰ, ਪੰਜਾਬੀ** (Assistant Professor, Punjabi)

**ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ, ਤਰਨ ਤਾਰਨ (ਪੰਜਾਬ)।**

Email ID: beantsinghsran89@gmail.com **ਮੋਬਾਈਲ**: +91-94648-74570

**ਸਾਰ (Abstract)**

*ਸਿੱਖ ਇਤਿਹਾਸ ਮੁੱਢ ਤੋਂ ਹੀ ਬੇਮਿਸਾਲ ਕੁਰਬਾਨੀਆਂ, ਅਡੋਲਤਾ ਅਤੇ ਨਿਆਂ ਪਸੰਦ ਸਿਧਾਂਤਾਂ ਦੀ ਪ੍ਰਤੀਕ ਰਿਹਾ ਹੈ। ਗੁਰੂ ਨਾਨਕ ਦੇਵ ਜੀ ਦੀ ਸੰਸਾਰਕ ਸੋਚ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਨੇ ਜਿਥੇ ਸਮਾਜਕ ਨਿਆਂ ਦੀ ਸਥਾਪਨਾ ਕੀਤੀ, ਓਥੇ ਗੁਰੂ ਅਰਜਨ ਦੇਵ ਜੀ ਤੋਂ ਸ਼ੁਰੂ ਹੋਈ ਸ਼ਹਾਦਤਾਂ ਦੀ ਪਰੰਪਰਾ ਨੇ ਸਿੱਖ ਇਤਿਹਾਸ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ। ਇਸ ਪਰੰਪਰਾ ਵਿਚ ਇੱਕ ਮਹੱਤਵਪੂਰਨ ਚਿਹਰਾ ਭਾਈ ਜੈਤਾ (ਜੀਵਨ ਸਿੰਘ) ਦਾ ਹੈ। ਜਿਸ ਨੂੰ ਇਤਿਹਾਸਕਾਰਾਂ ਤੇ ਸਾਹਿਤਕਾਰਾਂ ਵਲੋਂ ਬਣਦਾ ਸਨਮਾਨ ਨਹੀਂ ਦਿੱਤਾ ਗਿਆ। ਭਾਈ ਜੈਤਾ (ਜੀਵਨ ਸਿੰਘ) ਨੇ ਗੁਰੂ ਘਰ ਅਤੇ ਸਿੱਖ ਧਰਮ ਲਈ ਆਪਣਾ ਸਾਰਾ ਪਰਿਵਾਰ ਕੁਰਬਾਨ ਕਰ ਦਿੱਤਾ। ਉਸਦੀ ਸ਼ਹਾਦਤ ਅਤੇ ਸੇਵਾ ਨੂੰ ਬਲਦੇਵ ਸਿੰਘ ਦੇ ਇਤਿਹਾਸਕ ਨਾਵਲ 'ਪੰਜਵਾਂ ਸਾਹਿਬਜ਼ਾਦਾ' ਰਾਹੀਂ ਇੱਕ ਨਵੀਂ ਪਛਾਣ ਮਿਲੀ ਹੈ।*

***ਕੀਵਰਡ (Keyword): ਭਾਈ ਜੈਤਾ, ਨਾਇਕ, ਨਿਡਰ ਯੋਧਾ, ਅਦੁੱਤੀ ਸ਼ਹਾਦਤ, ਪੰਜਵਾਂ ਸਾਹਿਬਜ਼ਾਦਾ, ਅੰਗ ਰੱਖਿਅਕ, ਕੁਸ਼ਲ ਸੈਨਾਪਤੀ।***

ਭਾਈ ਜੈਤਾ ਦਾ ਨਾਮ ਆਮ ਤੌਰ 'ਤੇ "ਰੰਘਰੇਟਾ ਗੁਰੂ ਕਾ ਬੇਟਾ" ਦੇ ਨਾਲ ਜੋੜਿਆ ਜਾਂਦਾ ਰਿਹਾ ਹੈ ਪਰੰਤੂ ਇਸ ਪਦਵੀ ਤੋਂ ਇਲਾਵਾ ਉਨ੍ਹਾਂ ਦੀ ਯਥਾਰਥਕ ਭੂਮਿਕਾ ਸਿੱਖ ਇਤਿਹਾਸਕਾਰਾਂ ਅਤੇ ਸਾਹਿਤਕਾਰਾਂ ਵਲੋਂ ਅਕਸਰ ਉਲਝਣ ਜਾਂ ਅਣਗੌਲੇਪਣ ਦਾ ਸ਼ਿਕਾਰ ਰਹੀ ਹੈ। ਨਾਵਲਕਾਰ ਬਲਦੇਵ ਸਿੰਘ ਨੇ ਇਤਿਹਾਸਕ ਸਰੋਤਾਂ ਤੇ ਅਣਗੌਲੀਆਂ ਲਿਖਤਾਂ ਦੀ ਡੂੰਘੀ ਖੋਜ ਕਰਕੇ ਇਸ ਅਣਗੌਲੇ ਮਹਾਨ ਨਾਇਕ ਨੂੰ ਨਵੀਂ ਦ੍ਰਿਸ਼ਟੀ, ਸਨਮਾਨ ਅਤੇ ਪਛਾਣ ਦਿੱਤੀ ਹੈ। ਨਾਵਲ ਦੇ ਆਰੰਭ ਵਿਚ ਨਾਵਲਕਾਰ ਵਲੋਂ ਇਹ ਰੋਸ ਵੀ ਪ੍ਰਗਟ ਕੀਤਾ ਗਿਆ ਹੈ ਕਿ ਅਜਿਹੇ ਨਾਇਕ ਦੀ ਸ਼ਹਾਦਤ ਨੂੰ ਇਤਿਹਾਸਕਾਰਾਂ ਵਲੋਂ ਅਣਗੌਲੇ ਕੀਤਾ ਗਿਆ ਹੈ,

> *"ਇਸ ਮਹਾਨਾਇਕ ਦੀ ਬੇਮਿਸਾਲ ਸੂਰਮਗਤੀ ਨੂੰ ਬਹੁਤੇ ਵਿਦਵਾਨਾਂ ਨੇ ਘੱਟੇ ਵਿਚ ਹੀ ਰੋਲ ਦਿੱਤਾ। ਇਕ ਵਿਦਵਾਨ ਵਲੋਂ ਲਿਖੀ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨੀ ਵਿਚ ਭਾਈ ਜੈਤੇ ਦਾ ਕਿਸੇ ਇਕ ਥਾਂ ਵੀ ਜ਼ਿਕਰ ਨਹੀਂ ਕੀਤਾ ਗਿਆ। ਜਦੋਂ ਕਿ ਗੁਰੂ ਦੀ ਬਾਲ ਅਵਸਥਾ ਵਿਚ ਅਤੇ ਬਾਅਦ ਵਿਚ ਗੁਰੂ ਵਲੋਂ ਲੜੀਆਂ ਗਈਆਂ ਜੰਗਾਂ ਵਿੱਚ ਭਾਈ ਜੈਤੇ ਨੇ ਅਹਿਮ ਰੋਲ ਨਿਭਾਇਆ ਹੈ।"[1]*

"ਪੰਜਵਾਂ ਸਾਹਿਬਜ਼ਾਦਾ" ਇੱਕ ਜੀਵਨੀ ਮੂਲਕ ਰਚਨਾ ਹੈ ਜੋ ਭਾਈ ਜੈਤਾ ਦੇ ਜੀਵਨ ਅਤੇ ਉਸ ਦੇ ਇਤਿਹਾਸਕ ਕਰਮ-ਘੇਰੇ ਦਾ ਗਲਪੀ ਬਿਰਤਾਂਤ ਸਿਰਜਦਾ ਹੈ। ਭਾਈ ਜੈਤਾ ਦਾ ਚਰਿਤਰ ਤੇ ਕੁਰਬਾਨੀ ਵਾਲਾ ਰੂਪ ਗੁਰੂ ਤੇਗ਼ ਬਹਾਦਰ ਜੀ ਦੇ ਅਧਿਆਤਮਕ ਜੀਵਨ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸੰਤ ਸਿਪਾਹੀ ਵਾਲੇ ਰੂਪ ਦੇ ਪ੍ਰਭਾਵ ਦੇ ਹੇਠ ਹੀ ਨਿਰਮਿਤ ਹੁੰਦਾ ਅਤੇ ਰੂਪਮਾਨ ਹੁੰਦਾ ਹੈ। ਇਸ ਨਾਵਲ ਵਿਚ ਭਾਈ ਜੈਤਾ ਦੀ ਸੇਵਾ , ਲਗਨ, ਨੈਤਿਕ ਸੰਕਲਪ ਅਤੇ ਤਿਆਗਮਈ ਚੇਤਨਾ ਨੂੰ ਕੇਂਦਰੀ ਸਥਾਨ ਮਿਲਦਾ ਹੈ, ਜਿਸ ਰਾਹੀਂ ਗੁਰੂ ਸਾਹਿਬਾਨਾਂ ਦੇ ਸਿੱਖੀ ਸਿਧਾਂਤ ਅਤੇ ਚਰਿੱਤਰ ਅਕਸ , ਦਰਵੇਸ਼ੀ ਅਤੇ ਸੰਤ-ਸਿਪਾਹੀ ਰੂਪ ਦੀ ਵਿਆਖਿਆ ਸਾਕਾਰ ਹੁੰਦੀ ਦਿਖਾਈ ਦਿੰਦੀ ਹੈ। ਇਹ ਨਾਵਲ ਸਿਰਫ਼ ਵਿਅਕਤੀਗਤ ਜੀਵਨ ਦੀ ਗਾਥਾ ਨਹੀਂ, ਸਗੋਂ ਮੁਗ਼ਲ ਸਮਰਾਜ ਦੇ ਔਰੰਗਜ਼ੇਬੀ ਯੁੱਗ ਵਿਚ ਚਲ ਰਹੇ ਸਮਾਜਕ, ਰਾਜਨੀਤਕ ਤਣਾਅ ਅਤੇ ਹਕੂਮਤੀ ਜ਼ਬਰ ਦੇ ਪ੍ਰਤੀਕ ਵਜੋਂ ਵੀ ਉੱਭਰਦਾ ਹੈ। ਇਤਿਹਾਸਕ ਪ੍ਰਸੰਗ ਅਤੇ ਕਰਮ-ਘੇਰਿਆਂ ਦੀ ਇਹ ਗੂੰਜ ਨਿਰੰਤਰ ਵਿਰੋਧ ਅਤੇ ਪ੍ਰਤਿਰੋਧ ਦੇ ਥੀਮ ਨੂੰ

 Received: 13 May 2025 Accepted: 05 June 2025 Published: 13 June 2025

ਅੱਗੇ ਵਧਾਉਂਦੀ ਹੈ, ਜਿਸ ਰਾਹੀਂ ਨਾਵਲ ਇੱਕ ਵਿਸ਼ਾਲ ਸਮਾਜਕ ਚੇਤਨਾ ਅਤੇ ਇਤਿਹਾਸਕ ਸੰਵੇਦਨਾ ਨੂੰ ਸਿਰਜਣ ਵਿੱਚ ਸਫਲ ਹੋ ਜਾਂਦਾ ਹੈ। ਨਾਵਲ ਦੀ ਇਹ ਵਿਸ਼ੇਸ਼ਤਾ ਉਸਨੂੰ ਸਿਰਫ਼ ਜੀਵਨ ਚਰਿੱਤਰ ਹੀ ਨਹੀਂ, ਸਗੋਂ ਇੱਕ ਮਹੱਤਵਪੂਰਨ ਇਤਿਹਾਸਕ ਦਸਤਾਵੇਜ਼ ਵੀ ਸਥਾਪਤ ਕਰਦੀ ਹੈ।

ਨਾਵਲ ਵਿਚ ਭਾਈ ਜੈਤਾ ਵਰਣ ਵਿਵਸਥਾ ਵਿਰੁੱਧ ਸੰਘਰਸ਼ ਅਤੇ ਸਮਾਜਕ ਚਰਿਤਰ ਬਣ ਕੇ ਉਭਰਦਾ ਹੈ। ਉਸਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਨਵਾਂ ਜੀਵਨ ਦੇ ਕੇ ਭਾਈ ਜੀਵਨ ਸਿੰਘ ਦਾ ਨਾਮ ਦਿੱਤਾ। ਉਹ ਭਾਰਤੀ ਵਰਨ ਵਿਵਸਥਾ ਅਨੁਸਾਰ ਕਥਿਤ ਨੀਵੀਂ ਜਾਤੀ ਨਾਲ ਸੰਬੰਧਤ ਸੀ। ਭਾਈ ਜੈਤਾ ਦੇ ਪਿਤਾ ਭਾਈ ਸਦਾ ਨੰਦ ਅਤੇ ਤਾਇਆ ਆਗਿਆ ਰਾਮ ਗੁਰੂ ਤੇਗ ਬਹਾਦਰ ਜੀ ਦੇ ਸ਼ਰਧਾਲੂ ਸੇਵਕ ਸਨ। ਇਸ ਪਿਛੋਕੜ ਨੂੰ ਨਾਵਲਕਾਰ ਨੇ ਵਰਣ ਵਿਵਸਥਾ ਤੇ ਸਮਾਜਕ ਵਿਤਕਰੇ ਦੀ ਸਖਤ ਆਲੋਚਨਾ ਦੇ ਰੂਪ ਵਿੱਚ ਪੇਸ਼ ਕੀਤਾ ਹੈ।

ਭਾਈ ਜੈਤਾ ਗੁਰੂ ਘਰ ਲਈ ਆਪਣੀ ਨਿਸ਼ਕਾਮ ਸੇਵਾ ਅਤੇ ਬਹਾਦਰੀ ਰਾਹੀਂ ਇੱਕ ਇਤਿਹਾਸਕ ਪਛਾਣ ਬਣਾਉਂਦੇ ਹਨ। ਨਾਵਲ ਵਿਚ ਵਰਣ ਵਿਵਸਥਾ ਦੀ ਸਮਾਜਕ ਸਮੱਸਿਆ ਨੂੰ ਸਿਰਫ਼ ਉਚਾਰਿਆ ਨਹੀਂ ਗਿਆ, ਸਗੋਂ ਇਸਦੇ ਨੈਤਿਕ ਖੰਡਨ ਰਾਹੀਂ ਇਕ ਪ੍ਰਗਟ ਵਿਰੋਧ ਦਰਸਾਇਆ ਗਿਆ ਹੈ। ਡਾ. ਦਵੇਸ਼ਵਰ ਲਿਖਦੇ ਹਨ,

> *"ਬਲਦੇਵ ਸਿੰਘ ਅਜਿਹੀ ਭਾਵ ਵੇਦਨਾ ਦੀ ਪਛਾਣ ਉਹਨਾਂ ਸਧਾਰਨ , ਅਣਗੌਲੇ ਤੇ ਨਿਮਨ ਜਾਤੀਆਂ ਨਾਲ ਸਬੰਧਤ ਲੋਕਾਂ ਨਾਲ ਕਰਵਾਉਂਦਾ ਹੈ ਜਿਹੜੇ ਭਾਰਤੀ ਵਰਣ ਵਿਵਸਥਾ ਅਨੁਸਾਰ ਨੀਵੇਂ, ਨਿਮਾਣੇ, ਨਿਗੂਣੇ ਤੇ ਨਿਤਾਣੇ ਸਮਝੇ ਜਾਂਦੇ ਹਨ। ਬਲਦੇਵ ਸਿੰਘ ਨਰੋਈ ਤੇ ਨਿਆਸ਼ੀਲ ਦ੍ਰਿਸ਼ਟੀ ਵਰਣ ਵਿਵਸਥਾ ਦੇ ਨੀਵੀਂ ਜਾਤੀ ਬਾਰੇ ਉਨ੍ਹਾਂ ਵਿਚਾਰਾਂ ਨੂੰ ਖੰਡਨ ਕਰਦੀ ਹੈ ਜਿਹੜੇ ਉਨ੍ਹਾਂ ਨੂੰ ਤੋੜਨ ਅਤੇ ਤ੍ਰਿਸਕਾਰ ਦਾ ਅਧਿਕਾਰੀ ਬਣਾਉਂਦੇ ਹਨ। ਉਹ ਤਾਂ ਸਗੋਂ ਵਿਚਲੀਆਂ ਸ਼ਕਤੀਆਂ, ਸਮਰੱਥਾਵਾਂ ਤੇ ਸੰਭਾਵਨਾਵਾਂ ਦਾ ਗਲਪੀ ਵਿਵੇਕ ਉਸਾਰਦੀ ਹੈ। ਜਿਹੜੀਆਂ ਵਿਸ਼ੇਸ਼ ਮੌਕਿਆਂ 'ਤੇ ਸੱਤਾ ਦੀਆਂ ਅਮਾਨਵੀ, ਹੰਕਾਰੀ ਤੇ ਦੁਰਭਾਵੀ ਕਰਤੂਤਾਂ ਵਿਰੁੱਧ ਡਟਕੇ ਖੜਾ ਹੋਣ ਦੇ ਯੋਗ ਵੀ ਬਣਾਉਂਦੀਆਂ ਹਨ ਅਤੇ ਅਪਣੇ ਮਹਾਨ ਕਾਰਨਾਮਿਆਂ ਨਾਲ ਇਤਿਹਾਸ ਦਾ ਸਰਵੋਤਮ ਨਾਇਕ /ਯੋਧਾ ਵੀ ਸਿੱਧ ਕਰਦੀਆਂ ਹਨ। ... ਭਾਈ ਜੈਤਾ ਤੇ ਉਸਦਾ ਪਰਿਵਾਰ ਭਾਰਤੀ ਵਰਣ ਵਿਵਸਥਾ ਦੀ ਇਸੇ ਨੀਵੀਂ ਜਾਤੀ ਨਾਲ ਸਬੰਧ ਰੱਖਦੇ ਹਨ। ਉਸਦਾ ਪਿਤਾ ਸਦਾ ਨੰਦ ਅਤੇ ਤਾਇਆ ਭਾਈ ਆਗਿਆ ਰਾਮ, ਗੁਰੂ ਤੇਗ ਬਹਾਦਰ ਜੀ ਦੇ ਸੱਚੇ ਸੇਵਕ ਤੇ ਸ਼ਰਧਾਲੂ ਸਨ। "*[2]

ਭਾਈ ਜੈਤਾ ਦੀ ਗੁਰੂ ਘਰ ਪ੍ਰਤੀ ਸੇਵਾ ਅਤੇ ਭਗਤੀ ਦੇ ਨਾਲ ਉਹਨਾਂ ਦੀ ਬਹਾਦਰੀ ਤੇ ਨਿਡਰਤਾ ਦਾ ਇਤਿਹਾਸਕ ਸੰਦਰਭ ਵੀ ਨਾਵਲੀ ਬਿਰਤਾਂਤ ਵਿਚ ਸਿਰਜਿਆ ਗਿਆ ਹੈ। ਭਾਈ ਜੈਤਾ ਦੀ ਸਭ ਤੋਂ ਮਹੱਤਵਪੂਰਨ ਭੂਮਿਕਾ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਤੋਂ ਬਾਅਦ ਉਹਨਾਂ ਦੇ ਸੀਸ ਨੂੰ ਦਿੱਲੀ ਤੋਂ ਅਨੰਦਪੁਰ ਸਾਹਿਬ ਤੱਕ ਲਿਜਾਣ ਦੀ ਹੈ। ਜਦ ਪਿਤਾ ਸਦਾ ਨੰਦ ਅਤੇ ਤਾਇਆ ਆਗਿਆ ਰਾਮ ਮੁਗਲਾਂ ਦੀ ਨਿਰਦੈਤਾ ਦੇ ਦ੍ਰਿਸ਼ ਤੋਂ ਨਿਰਉਤਰ ਹੋ ਜਾਂਦੇ ਹਨ, ਤਾਂ ਭਾਈ ਜੈਤਾ ਆਪਣੀ ਨਿਡਰਤਾ ਤੇ ਨੈਤਿਕ ਬਲ ਨਾਲ ਗੁਰੂ ਦੇ ਸਨਮਾਨ ਦੀ ਰਖਿਆ ਲਈ ਉੱਠ ਖੜਦਾ ਹੈ। ਉਹ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਮਗਰੋਂ ਗੁਰੂ ਜੀ ਦੀ ਦੇਹ ਦੀ ਰੱਖਿਆ ਲਈ ਅਡੋਲਤਾ ਨਾਲ ਖੜਦਾ ਹੈ। ਇਸਤੋਂ ਬਾਅਦ ਸੀਸ ਚੁੱਕਣ ਦੀ ਜੋਖ਼ਮਭਰੀ ਜਿੰਮੇਵਾਰੀ ਨਿਭਾਉਂਦਾ ਹੈ ਜੋ ਭਾਈ ਜੈਤਾ ਦੀ ਸੱਚੀ ਭਗਤੀ, ਨਿਡਰਤਾ, ਗੁਰੂ ਪ੍ਰੇਮ ਦਾ ਪਰਮ ਚਿੰਨ੍ਹ ਬਣ ਜਾਂਦੀ ਹੈ। ਇਹ ਵਿਸ਼ੇਸ਼ਤਾ ਉਸ ਦੇ ਅਟੁੱਟ ਨੈਤਿਕ ਸੰਕਲਪ ਨੂੰ ਦਰਸਾਉਂਦੀ ਹੈ।

ਭਾਈ ਜੈਤਾ ਬਚਪਨ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਅੰਗ ਸੰਗ ਰਹੇ ਸਨ। ਉਹਨਾਂ ਨੇ ਸਿੱਖ ਧਰਮ ਦੇ ਰਚਨਾਤਮਕ ਤੇ ਯੁੱਧ ਸਮੇਂ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਖਾਲਸਾ ਪੰਥ ਦੀ ਸਾਜਨਾ ਦੇ ਸਮੇਂ ਉਹਨਾਂ ਦੀ ਸੂਝ ਬੂਝ ਵੀ ਨਿਰਣਾਇਕ ਸਾਬਤ ਹੋਈ। ਭਾਈ ਜੈਤਾ ਨੇ ਗੁਰੂ ਜੀ ਨੂੰ ਯੁੱਧ ਮੈਦਾਨ ਵਿਚ ਸਿਪਾਹੀਆਂ ਦੀ ਪਛਾਣ ਨੂੰ ਲੈ ਕੇ ਚਿੰਤਾ ਜਤਾਈ ਸੀ। ਇਹੀ ਵਿਚਾਰ ਅੱਗੇ ਚਲ ਕੇ ਖਾਲਸਾ ਪੰਥ ਦੀ ਸਾਜਨਾ ਦਾ ਮੁੱਢ ਬਣਿਆ। ਗੁਰੂ ਜੀ ਨੇ ਪੰਜ ਪਿਆਰੇ ਸਾਜ ਕੇ, ਆਪਣੇ ਚਾਰ ਸਾਹਿਬਜ਼ਾਦਿਆਂ ਸਮੇਤ ਭਾਈ ਜੈਤਾ ਨੂੰ ਅੰਮ੍ਰਿਤ ਛਕਾ ਕੇ ਭਾਈ ਜੀਵਨ ਸਿੰਘ ਨਾਂ ਦਿੱਤਾ ਅਤੇ ਆਪਣਾ 'ਪੰਜਵਾਂ ਸਾਹਿਬਜ਼ਾਦਾ' ਮੰਨਿਆ।

ਚਮਕੌਰ ਦੀ ਗੜ੍ਹੀ ਵਿਚਲਾ ਅੰਤਿਮ ਪੜਾਅ ਭਾਈ ਜੈਤਾ ਨੂੰ ਸਿੱਖ ਇਤਿਹਾਸ ਵਿਚ ਸੱਚਮੁੱਚ ਹਮੇਸ਼ਾ ਲਈ ਅਮਰ ਕਰ ਦਿੰਦਾ ਹੈ। ਭਾਈ ਜੈਤਾ ਦੀ ਬੇਨਤੀ 'ਤੇ ਗੁਰੂ ਗੋਬਿੰਦ ਸਿੰਘ ਜੀ ਗੜ੍ਹੀ ਛੱਡਣ ਲਈ ਤਿਆਰ ਹੋ ਗਏ। ਗੁਰੂ ਜੀ ਨੇ ਚਮਕੌਰ ਦੀ ਗੜ੍ਹੀ ਵਿਚੋਂ ਨਿਕਲਣ ਸਮੇਂ ਆਪਣੀ ਕਲਗੀ ਅਤੇ ਵਸਤ੍ਰ ਭਾਈ ਜੀਵਨ ਸਿੰਘ ਨੂੰ ਪਹਿਨਾਏ ਤਾਂ ਜੋ ਮੁਗਲ ਭੁਲੇਖੇ ਵਿਚ ਰਹਿਣ। ਭਾਈ ਜੀਵਨ ਸਿੰਘ ਨੇ ਕਲਗੀ ਅਤੇ ਪੁਸ਼ਾਕ ਪਹਿਨਣ ਦੇ ਮਿਲੇ ਮਾਣ ਸਦਕਾ

ਆਖਰੀ ਦਮ ਤੱਕ ਬਹਾਦਰੀ ਤੇ ਨਿਡਰਤਾ ਨਾਲ ਡੱਟ ਕੇ ਗੜ੍ਹੀ ਵਿਚ ਮੁਗ਼ਲਾਂ ਦੇ ਖਿਲਾਫ਼ ਗੁਰੂ ਜੀ ਦੀ ਭੂਮਿਕਾ ਨਿਭਾਉਂਦੇ ਹੋਏ ਯੁੱਧ ਵਿਚ ਸ਼ਹੀਦੀ ਪਾਈ। ਨਾਵਲ ਵਿਚ ਭਾਈ ਜੈਤਾ ਤੇ ਗੁਰੂ ਜੀ ਦੇ ਵਾਰਤਾਲਾਪ ਦਾ ਗਲਪੀ ਬਿਰਤਾਂਤ ਨਾਵਲਕਾਰ ਵਲੋਂ ਪੇਸ਼ ਕੀਤਾ ਗਿਆ ਹੈ:

*"-ਅਸਾਂ ਨੂੰ ਭੇਜ ਬਦਲ ਕੇ ਨਿਕਲਣਾ ਹੋਵੇਗਾ। ਅਸੀ ਮੁਸਲਮਾਨ ਸਿਪਾਹੀ ਦੇ ਭੇਸ ਚ ਨਿਕਲਾਂਗੇ।*

*-ਅਸੀ ਇਹ ਪੁਸ਼ਾਕ, ਇਹ ਕਲਗੀ ਭਾਈ ਜੀਵਨ ਸਿੰਘ ਨੂੰ ਪਹਿਨਾ ਰਹੇ ਹਾਂ। ਹੁਣ ਭਾਈ ਜੀਵਨ ਸਿੰਘ ਗੜ੍ਹੀ ਵਿੱਚ ਗੁਰੂ ਵਜੋਂ ਵਿਚਰਨਗੇ। ਤੁਰਕਾਂ ਨੂੰ ਭਲੇਖੇ ਚ ਪਾਈ ਰੱਖਣਗੇ।"*

*ਭਾਈ ਜੀਵਨ ਸਿੰਘ ਹੱਥ ਜੋੜਦਾ ਹੈ।*

*"-ਸਾਹਿਬ ਜੀ ! ਮੈ ਐਨੇ ਜੋਗਾ ਨਹੀਂ, ਤੁਸਾਂ ਕਲਗੀ ਪੁਸ਼ਾਕਾਂ ਪਹਿਨਾ। ਮੈ ਤੁਸਾਂ ਦੇ ਚਰਨਾਂ ਦੀ ਮਿੱਟੀ ਹਾਂ ਸਾਹਿਬ ਜੀ।"*[4]

ਅਗਲੀ ਸਵੇਰ, ਸਿਰਫ਼ ਪੰਜ ਸਿੰਘ ਅਤੇ ਭਾਈ ਜੀਵਨ ਸਿੰਘ ਗਿਣਤੀ ਵਿਚ ਹਜ਼ਾਰਾਂ ਲੱਖਾਂ ਦੀ ਤਾਦਾਦ ਵਾਲੀ ਮੁਗਲ ਫੌਜ ਦੇ ਸਾਹਮਣੇ ਜੰਗ ਲਈ ਰਹਿ ਗਏ ਸਨ। ਭਾਈ ਜੀਵਨ ਸਿੰਘ, ਜੋ ਗੁਰੂ ਗੋਬਿੰਦ ਸਿੰਘ ਜੀ ਦੀ ਵਸਤਰ (ਪੁਸ਼ਾਕ) ਵਿਚ ਸਨ, ਪਹਿਲਾਂ ਨਾਲੋਂ ਵਧੀਕ ਸੰਕਲਪਤ ਅਤੇ ਉਤਸਾਹੀ ਰੂਪ ਵਿਚ ਮੁਗਲ ਫੌਜ ਉੱਤੇ ਹਮਲਾ ਕਰਦੇ ਹਨ। ਉਨ੍ਹਾਂ ਦੇ ਨਾਲ ਬਾਕੀ ਸਿੰਘ ਵੀ ਸ਼ਹਾਦਤ ਦੇ ਮਰਤਬੇ 'ਤੇ ਪਹੁੰਚਦੇ ਹਨ। ਭਾਈ ਜੀਵਨ ਸਿੰਘ, ਜੋ ਗੁਰੂ ਰੂਪ ਵਿਚ ਲੜਦੇ ਹੋਏ ਸ਼ਹੀਦ ਹੋਏ, ਉਨ੍ਹਾਂ ਦੀ ਕਿਰਪਾਨ ਅੱਜ ਵੀ ਉਨ੍ਹਾਂ ਦੇ ਹੱਥ ਵਿਚ ਫਸੀ ਹੋਈ ਸੀ। ਜਿਸਨੂੰ ਵੇਖ ਕੇ ਮੁਗਲ ਸਿਪਾਹੀ ਹੈਰਾਨੀ ਨਾਲ ਚੀਕਦੇ ਹੋਏ ਪਿੱਛੇ ਭੱਜਦੇ ਹਨ।

ਭਾਈ ਜੈਤਾ, ਜੋ ਗੁਰੂ ਗੋਬਿੰਦ ਸਿੰਘ ਜੀ ਦਾ ਨਿੱਜੀ ਅੰਗ ਰੱਖਿਅਕ, ਸ੍ਰੋਮਣੀ ਸਿਪਾਹੀ ਅਤੇ ਨਿੱਜੀ ਭਰੋਸੇਮੰਦ ਸਾਥੀ ਸੀ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਆਪਣਾ ਪੰਜਵਾਂ ਪੁੱਤਰ ਮੰਨਿਆ ਸੀ। ਭਾਈ ਜੈਤਾ ਅਤੇ ਉਨ੍ਹਾਂ ਦੇ ਪਰਿਵਾਰ ਨੇ ਗੁਰੂ ਪਰਿਵਾਰ ਅਤੇ ਸਿੱਖ ਧਰਮ ਲਈ ਨਿਰਸੁਆਰਥ ਤਿਆਗ ਅਤੇ ਨਿਸ਼ਕਾਮ ਸੇਵਾ ਦੀ ਅਦੁੱਤੀ ਮਿਸਾਲ ਪੇਸ਼ ਕੀਤੀ। ਇਸ ਪਵਿਤਰ ਪਰੰਪਰਾ ਦੀ ਸ਼ੁਰੂਆਤ ਭਾਈ ਜੈਤਾ ਦੇ ਪਿਤਾ ਸਦਾ ਨੰਦ ਤੋਂ ਹੋਈ ਸੀ, ਜਿਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਦਾ ਸੀਸ ਮੁਗਲ ਅਧਿਕਾਰੀਆਂ ਕੋਲੋਂ ਪ੍ਰਾਪਤ ਕਰਨ ਲਈ ਅਤੇ ਉਸ ਦੀ ਬੇਅਦਬੀ ਤੋਂ ਰੱਖਿਆ ਕਰਨ ਲਈ ਆਪਣਾ ਸੀਸ ਤਕ ਵਾਰ ਦਿੱਤਾ। ਇਹ ਸਾਰਾ ਸੰਘਰਸ਼ ਸਿੱਖ ਧਰਮ ਵਿੱਚ ਸ਼ਹਾਦਤ, ਤਿਆਗ ਅਤੇ ਧਾਰਮਕ ਸੁਰੱਖਿਆ ਦੀ ਸੰਵਿਧਾਨਕ ਅਤੇ ਆਧਿਆਤਮਕ ਵਿਸ਼ੇਸ਼ਤਾ ਨੂੰ ਉਜਾਗਰ ਕਰਦਾ ਹੈ। ਇਹ ਘਟਨਾਵਾਂ ਨਾ ਸਿਰਫ਼ ਸਿੱਖ ਇਤਿਹਾਸ ਲਈ, ਸਗੋਂ ਵਿਸ਼ਵ ਇਤਿਹਾਸ ਵਿਚ ਧਾਰਮਕ ਆਜ਼ਾਦੀ ਅਤੇ ਆਦਰਸ਼ਵਾਦੀ ਸੰਘਰਸ਼ ਦੀ ਬੇਮਿਸਾਲ ਮਿਸਾਲ ਹਨ। ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਲਿਖਦੇ ਹਨ:

*"ਇਤਿਹਾਸ ਦਾ ਇਹ ਕਿਹਾ ਵਚਿੱਤਰ ਦੁਹਰਾਉ ਹੈ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਦਿੱਲੀ ਦੇ ਚਾਂਦਨੀ ਚੌਂਕ ਵਿਚੋਂ ਸ਼ਹੀਦ ਕੀਤਾ ਸਿਰ ਤੇ ਧੜ ਚੁੱਕਣ ਲਈ ਭਾਈ ਜੈਤਾ ਨੂੰ ਆਪਣੇ ਹੱਥੀਂ ਆਪਣੇ ਪਿਉ ਸਦਾ ਨੰਦ ਦਾ ਸੀਸ ਕੱਟ ਕੇ ਸਿਰ ਧੜ ਉਥੇ ਰੱਖਣਾ ਪਿਆ। ਗੁਰੂ ਸਾਹਿਬ ਨੇ ਆਪਣਾ ਸੀਸ ਹਿੰਦੂ ਧਰਮ ਦੀ ਰੱਖਿਆ ਲਈ ਦਿੱਤਾ। ਸਦਾ ਨੰਦ ਨੇ ਆਪਣਾ ਸੀਸ ਗੁਰੂ ਦੇ ਸੀਸ ਦੀ ਬੇਕਦਰੀ ਤੋਂ ਰੱਖਿਆ ਕਰਨ ਲਈ ਦਿੱਤਾ। ਕੁਰਬਾਨੀ ਦੀ ਅਜਿਹੀ ਅਤੁੱਲ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਦੁਰਲੱਭ ਹੈ। ਆਖ਼ਰ ਵਿਚ ਚਮਕੌਰ ਸਾਹਿਬ ਦੀ ਗੜ੍ਹੀ ਵਿਚ ਮੁਗਲ ਤੇ ਪਹਾੜੀ ਰਾਜਿਆਂ ਦੀ ਫ਼ੌਜ ਨਾਲ ਘਿਰੇ ਗੁਰੂ ਸਾਹਿਬ ਉਥੋਂ ਸੁਰੱਖਿਅਤ ਕੱਢ ਕੇ ਭਾਈ ਜੈਤਾ ਨੇ ਯੁੱਧ ਕਰਦੇ ਹੋਏ ਆਪਣੇ ਸੀਸ ਦੀ ਕੁਰਬਾਨੀ ਦਿੱਤੀ।"*[5]

ਅੰਤ ਵਿਚ ਕਹਿ ਸਕਦੇ ਕਿ ਭਾਈ ਜੈਤਾ ਦੇ ਜੀਵਨ ਅਤੇ ਸ਼ਹਾਦਤ ਖੋਜ ਪੱਤਰ ਰਾਹੀਂ ਉਸਦੇ ਜੀਵਨ ਨਾਲ ਸਬੰਧਤ ਅਣਗੌਲੇ ਅਨੇਕਾਂ ਪਹਿਲੂਆਂ ਨੂੰ ਜਾਨਣ ਤੇ ਸਮਝਣ ਦਾ ਯਤਨ ਕੀਤਾ ਗਿਆ ਹੈ। 'ਪੰਜਵਾਂ ਸਾਹਿਬਜ਼ਾਦਾ' ਨਾਵਲ ਰਾਹੀਂ ਭਾਈ ਜੀਵਨ ਸਿੰਘ ਦੀ ਸ਼ਹਾਦਤ, ਬਹਾਦਰੀ, ਨਿਸ਼ਕਾਮਤਾ ਅਤੇ ਧਰਮ-ਨਿਸ਼ਠਾ ਨੂੰ ਇਤਿਹਾਸਕ ਅਤੇ ਸਾਹਿਤਕ ਪੱਧਰ 'ਤੇ ਜੋ ਮਾਣ ਮਿਲਦਾ ਹੈ, ਉਹ ਪੂਰਕ ਹੀ ਨਹੀਂ, ਸਗੋਂ ਇਤਿਹਾਸਕ ਇਨਸਾਫ਼ ਦੀ ਲੋੜ ਵੀ ਸੀ।

## ਹਵਾਲੇ ਅਤੇ ਟਿੱਪਣੀਆਂ


1. ਬਲਦੇਵ ਸਿੰਘ, ਪੰਜਵਾਂ ਸਾਹਿਬਜਾਦਾ, ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ 2005, ਪੰਨਾ: 08
2. ਡਾ. ਸੁਰਿੰਦਰ ਕੁਮਾਰ ਦਵੇਸ਼ਵਰ, 'ਨਿਮਨ ਜਾਤੀ ਵਿਚਲੇ ਅਣਗੌਲੇ ਨਾਇਕ ਦਾ ਮਹਾਨ ਕਾਵਿਕ ਬਿਰਤਾਂਤ : ਪੰਜਵਾਂ ਸਾਹਿਬਜਾਦਾ ' ਬਲਦੇਵ ਸਿੰਘ ਇਤਿਹਾਸਿਕ ਨਾਵਲਾਂ ਦਾ ਵਰਤਮਾਨ ਪ੍ਰਸੰਗ (ਸੰਪਾ. ਡਾ. ਗੁਰਜੀਤ ਸਿੰਘ ਸੰਧੂ) ਪੰਨਾ: 86
3. ਬਲਦੇਵ ਸਿੰਘ, ਪੰਜਵਾਂ ਸਾਹਿਬਜਾਦਾ, ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ, 2005, ਪੰਨਾ: 99
4. ਓਹੀ, ਪੰਨਾ: 404
5. ਡਾ. ਸੁਰਿੰਦਰ ਕੁਮਾਰ ਦਵੇਸ਼ਵਰ, ਬਲਦੇਵ ਸਿੰਘ ਦੀ ਸਾਹਿਤ ਸਿਰਜਣਾ, ਯੂਨੀਸਟਾਰ ਬੁਕਸ, ਮੋਹਾਲੀ, 2023, ਪੰਨਾ: 11



***Cite this Article-***

ਬੇਅੰਤ ਸਿੰਘ ਸਰਾਂ *(Beant Singh Sran)*, ਭਾਈ ਜੈਤਾ: ਜੀਵਨ ਅਤੇ ਸ਼ਹਾਦਤ (‘ਪੰਜਵਾਂ ਸਾਹਿਬਜ਼ਾਦਾ’ ਨਾਵਲ ਦੇ ਸੰਦਰਭ ਵਿਚ) *{BHAI JAITA JIWAN ATE SHADAT (‘PANJWAN SAHIBJADA’ NAVAL DE SANDARBH VICH)}*, ਅਰਮਾਨ *(ARMAAN), ISSN: 2583-9446, Volume 3, Issue 2, April-June 2025, Page: 42-45.*

***Journal URL:*** ***www.armaan.org.in***

***DOI: https://doi.org/10.64119/armaan.vol.3.issue2.08***



*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*